ਸੋਮਵਾਰ
22, ਫਰਵਰੀ 2010
11 ਫੱਗਣ ,
ਨਾਨਕਸ਼ਾਹੀ 541

# ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 312,
ਸਾਲ 25
Postal Regd. No.
PB/0007/09-2011

www.ajdiawaaz.com ਪੰਜਾਬ ਦੀ ਉਮੀਦ info@ajdiawaaz.com


ਸ਼ਹਿਰ ਤੇ ਆਸ-ਪਾਸ — ਸਬ ਤਹਿਸੀਲ ਦਾ ਉਦਘਾਟਨ 3
ਸੰਪਾਦਕੀ — ਹਿੰਸਾ ਨੂੰ ਨਕਾਰਨ ਦੀ ਲੋੜ 4

ਦੇਸ਼ ਦੁਨੀਆਂ — 20ਵਾਂ ਪੁਰੇਵਾਲ ਖੇਡ ਮੇਲਾ 8

## ਬਜਟ ਸ਼ੈਸ਼ਨ ਅੱਜ ਤੋਂ ਸ਼ੁਰੂ

# ਮਹਿੰਗਾਈ ਮੁੱਦੇ 'ਤੇ ਕੇਂਦਰ ਸਰਕਾਰ ਨੂੰ ਘੇਰੇਗੀ ਵਿਰੋਧੀ ਧਿਰ

ਨਵੀਂ ਦਿੱਲੀ, 21 ਫ਼ਰਵਰੀ (ਵਿਸ਼ਵ ਵਾਰਤਾ)–ਲੋਕ ਲੁਭਾਉਣ ਫੈਸਲਿਆਂ ਲਈ ਯੂ.ਪੀ.ਏ. ਦੇ ਸਹਿਯੋਗੀ ਦਲਾਂ ਦੇ ਦਬਾਅ ਅਤੇ ਕਠੋਰ ਫੈਸਲਿਆਂ ਦੀ ਜ਼ਰੂਰਤ ਦੱਸਣ ਵਾਲੀ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਪਰਿਸ਼ਦ ਵਿਚਾਲੇ ਸਰਕਾਰ ਦੀ ਆਰਥਿਕ ਦਸ਼ਾ ਦਿਸ਼ਾ ਦੱਸਣ ਵਾਲਾ ਬਜਟ ਸ਼ੈਸ਼ਨ ਸੋਮਵਾਰ ਤੋਂ ਸ਼ੁਰੂ ਹੋ ਰਿਹਾ ਹੈ ਜਿਸ ਵਿੱਚ ਵਿਰੋਧੀ ਧਿਰ ਮਹਿੰਗਾਈ ਨੂੰ ਮੁੱਦਾ ਬਣਾਉਣ ਦਾ ਇਰਾਦਾ ਸਾਫ਼ ਕਰ ਚੁੱਕਾ ਹੈ ਜਦਕਿ ਸਰਕਾਰ ਸਾਰੇ ਮਸਲਿਆਂ 'ਤੇ ਚਰਚਾ ਲਈ ਖੁਦ ਨੂੰ ਤਿਆਰ ਦੱਸ ਰਹੀ ਹੈ। ਮਹਿੰਗਾਈ, ਅੰਦਰੂਨੀ ਸੁਰੱਖਿਆ ਅਤੇ ਭਾਰਤ-ਪਾਕਿ ਵਾਰਤਾ ਵਰਗਿਆਂ ਮੁੱਦਿਆਂ 'ਤੇ ਸਰਕਾਰ ਨੂੰ ਘੇਰਨ ਦੀ ਵਿਰੋਧੀ ਧਿਰ ਦੀ ਕੋਸ਼ਿਸ਼ ਬਜਟ ਸ਼ੈਸ਼ਨ ਵਿੱਚ ਹੰਗਾਮਾ ਦਾ ਕਾਰਨ ਬਣ ਸਕਦੀ ਹੈ। ਮੁੱਖ ਵਿਰੋਧੀ ਦਲ ਭਾਜਪਾ ਅਤੇ ਖੱਬੇਪੱਖੀ ਹੀ ਬਲਕਿ ਯੂ.ਪੀ.ਏ. ਵਿੱਚ ਸ਼ਾਮਲ ਦ੍ਰਮੁੱਖ ਅਤੇ ਤ੍ਰਿਣਮੂਲ ਕਾਂਗਰਸ ਦੇ ਨਾਲ ਹੀ ਕਈ ਦਲ ਬਜਟ ਸ਼ੈਸ਼ਨ ਦੀ ਸ਼ੁਰੂਆਤ ਹੀ ਮਹਿੰਗਾਈ ਚਰਚਾ ਤੋਂ ਕਰਵਾਉਣਾ ਚਾਹੁੰਦੇ ਹਨ। ਮੁੱਖ ਵਿਰੋਧੀ ਦਲ ਭਾਜਪਾ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਜੇਕਰ 23 ਫਰਵਰੀ ਨੂੰ ਇਸ ਮਸਲੇ 'ਤੇ ਚਰਚਾ ਹੁੰਦੀ ਹੈ ਤਾਂ ਹੀ ☛(ਬਾਕੀ ਸਫਾ 2 'ਤੇ)



ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਮੁਕਤਸਰ 'ਚ ਪਿੰਡ ਸਿੱਖ ਵਾਲਾ ਵਿਖੇ ਸਰਕਾਰੀ ਕਾਲਜ ਦਾ ਨੀਂਹ ਪੱਥਰ ਰੱਖਦੇ ਹੋਏ। ਉਨ੍ਹਾਂ ਨਾਲ ਪੰਜਾਬ ਦੇ ਤਕਨੀਕੀ ਸਿੱਖਿਆ ਬਾਰੇ ਮੰਤਰੀ ਚੌਧਰੀ ਸਵਰਨਾ ਰਾਮ ਅਤੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਅਤੇ ਹੋਰ ਸਖ਼ਸ਼ੀਅਤਾਂ ਦਿਖਾਈ ਦੇ ਰਹੀਆਂ ਹਨ। ਇਸੇ ਦੌਰਾਨ ਬਾਦਲ ਨੇ ਫਤੂਹੀਖਾਰਾ ਵਿਖੇ ਪਾਲੀਟੈਕਨੀਕ ਕਾਲਜ ਅਤੇ ਬਠਿੰਡਾ ਜ਼ਿਲ੍ਹਾ ਦੇ ਪਿੰਡ ਘੁੱਦਾ ਵਿਖੇ ਸਰਕਾਰੀ ਕਾਲਜ ਦਾ ਨੀਂਹ ਪੱਥਰ ਵੀ ਰੱਖਿਆ।



ਰੂਸ ਦੀ ਮਾਰੀਆ ਸ਼ਾਰਾਪੋਵਾ ਸੈਲੂਲਰ ਟੈਨਿਸ ਦੀ ਵਿਜੈਤਾ ਟਰਾਫੀ ਦੇ ਨਾਲ। ਮਾਰੀਆ ਸ਼ਾਰਾਪੋਵਾ ਨੇ ਸਵੀਡਨ ਦੀ ਸੋਫਿਆ ਨੂੰ 6-2,6-1 ਨਾਲ ਹਰਾ ਕੇ ਮੈਚ ਜਿੱਤਿਆ।

## ਪੀ.ਪੀ.ਪੀ. ਪੰਜਾਬ ਸਰਕਾਰ ਤੋਂ ਅਲੱਗ ਨਹੀਂ ਹੋਵੇਗੀ- ਗਿਲਾਨੀ

ਲਾਹੌਰ, 21 ਫ਼ਰਵਰੀ (ਵਿਸ਼ਵ ਵਾਰਤਾ)–ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸੁਫ ਰਜ਼ਾ ਗਿਲਾਨੀ ਨੇ ਕਿਹਾ ਹੈ ਕਿ ਉਹਨਾਂ ਦੀ ਪਾਕਿਸਤਾਨ ਪੀਪੁਲਸ ਪਾਰਟੀ (ਪੀ.ਪੀ.ਪੀ.) ਪੰਜਾਬ ਵਿੱਚ ਪੀ.ਐਮ.ਐਲ-ਐਨ ਨੀਤ ਗਠਜੋੜ ਸਰਕਾਰ ਤੋਂ ਅਲੱਗ ਨਹੀਂ ਹੋਵੇਗੀ। ਜ਼ਿਕਰਯੋਗ ਹੈ ਕਿ ਦੇਸ਼ ਦੇ ਪ੍ਰਮੁੱਖ ਪ੍ਰਾਂਤ ਪੰਜਾਬ ਦੀ ਗਠਜੋੜ ਸਰਕਾਰ ਦੇ ਕੰਮਕਾਜ ਨੂੰ ਲੈ ਕੇ ਪੀ.ਪੀ.ਪੀ. ਵਿਧਾਇਕਾਂ ਵਿੱਚ ਨਾਰਾਜ਼ਗੀ ਹੈ ਅਤੇ ਪੀ.ਐਮ.ਐਲ-ਐਨ ਦੇ ਪ੍ਰਮੁੱਖ ਨਵਾਜ਼ ☛(ਬਾਕੀ ਸਫਾ 2 'ਤੇ)

## ਮਾਮਲਾ ਵਿਦੇਸ਼ੀਂ ਗਏ ਸਿੱਖ ਖਾੜਕੂਆਂ ਦੀ ਵਤਨ ਵਾਪਸੀ ਦਾ

# ...ਤੇ ਪੰਜਾਬ ਸਰਕਾਰ ਹੁਣ ਸਰਗਰਮੀ ਦਿਖਾਵੇ

### ਬਾਦਲ ਪਰਿਵਾਰ ਵੱਲੋਂ ਨਿਭਾਈ ਭੂਮਿਕਾ ਦੀ ਸ਼ਲਾਘਾ

ਜਲੰਧਰ, 21 ਫਰਵਰੀ (ਹਰਪ੍ਰੀਤ ਸਿੰਘ ਲੇਹਿਲ)– ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ. ਚਿਦੰਬਰਮ ਨੇ ਜੰਮੂ ਕਸ਼ਮੀਰ ਦੀ ਤਰ੍ਹਾਂ ਪੰਜਾਬ ਦੇ ਵਿਦੇਸ਼ਾਂ ਵਿੱਚ ਗਏ ਸਿੱਖ ਖਾੜਕੂਆਂ ਨੂੰ ਵਤਨ ਵਾਪਸੀ ਲਈ ਜੋ ਸਬੂਤ ਦੇਣ ਦਾ ਐਲਾਨ ਕੀਤਾ ਹੈ ਉਸ ਦਾ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਸਵਾਗਤ ਕੀਤਾ ਹੈ। ਇਸ ਮਾਮਲੇ ਵਿੱਚ ਸਿੱਖ ਜਥੇਬੰਦੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ, ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਅਤੇ ਹੋਰ ਆਗੂਆਂ ਵੱਲੋਂ ਵਿਦੇਸ਼ੀ ਗਏ ਸਿੱਖ ਨੌਜਵਾਨਾਂ ਦੀ ਘਰ ਵਾਪਸੀ ਲਈ ਖੁੱਲ੍ਹੇ ਦਿਲ ਨਾਲ ਉਠਾਈ ਆਵਾਜ਼ ਦਾ ਸਵਾਗਤ ਅਤੇ ਧੰਨਵਾਦ ਕੀਤਾ ਹੈ। ਵੱਖ-ਵੱਖ ਸਿੱਖ ਚਿੰਤਕਾਂ ਦਾ ਇਸ ਮਾਮਲੇ ਵਿੱਚ ਮੰਨਣਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਇਸ ਮਾਮਲੇ ਵਿੱਚ ਜਿੰਨੀ ਤੇਜ਼ੀ ਨਾਲ ਆਵਾਜ਼ ਬੁਲੰਦ ਕੀਤੀ ਗਈ ਉਸੇ ਕਰਕੇ ਹੀ ਕੇਂਦਰੀ ਗ੍ਰਹਿ ਮੰਤਰੀ ਨੂੰ ਕਸ਼ਮੀਰੀ ਖਾੜਕੂਆਂ ਦੇ ਨਾਲ-ਨਾਲ ਸਿੱਖ ਖਾੜਕੂਆਂ ਦੀ ਘਰ ਵਾਪਸੀ ਲਈ ਵੀ ਆਤਮ ਸਮਰਪਣ ਨੀਤੀ ਦਾ ਐਲਾਨ ਕਰਨਾ ਪਿਆ। ਭਾਵੇਂ ਕੇਂਦਰੀ ਗ੍ਰਹਿ ਮੰਤਰੀ ਨੇ ਇਸ ਆਤਮ ਸਮਰਪਣ ਲਈ ਕਈ ਅਜਿਹੀਆਂ ਸਖ਼ਤ ਸ਼ਰਤਾਂ ਰੱਖੀਆਂ ਹਨ ਜਿਨ੍ਹਾਂ ਨੂੰ ਪੂਰਿਆ ☛(ਬਾਕੀ ਸਫਾ 2 'ਤੇ)

## ਕਾਲੀ ਸੂਚੀ ਦੇ ਖਾਤਮੇ ਲਈ ਪੰਜਾਬ ਸਰਕਾਰ ਪਹਿਲਕਦਮੀ ਕਰੇ-ਗਿ. ਗੁਰਬਚਨ ਸਿੰਘ



ਗੜ੍ਹਸ਼ੰਕਰ 21 ਫਰਵਰੀ (ਰਮਨਦੀਪ ਸਿੰਘ ਅਰੋੜਾ)– ਕਾਲੀ ਸੂਚੀ ਦੇ ਖਾਤਮੇ ਲਈ ਪੰਜਾਬ ਸਰਕਾਰ ਨੂੰ ਪਹਿਲ ਕਦਮੀ ਕਰਕੇ ਸੂਚੀ ਨੂੰ ਖਤਮ ਕਰਾਉਣਾ ਚਾਹੀਦਾ ਹੈ ਤਾਂ ਜੋ ਵੱਖ ਵੱਖ ਮੁਲਕਾਂ 'ਚ ਰਹਿ ਰਹੇ ਨਜ਼ਰਬੰਦ ਸਿੱਖਾਂ ਦੇ ਆਪਣੇ ਮੁਲਕ ਪਰਤਣ ਲਈ ਰਸਤਾ ਸਾਫ ਹੋ ਸਕੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਨੇ ਇਥੋਂ ਦੇ ਨੇੜਲੇ ਪਿੰਡ ਰਾਮਗੜ੍ਹ ਝੁੰਗੀਆਂ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ☛(ਬਾਕੀ ਸਫਾ 2 'ਤੇ)

## ਖਾੜਕੂਵਾਦ ਨਾਲ ਸਬੰਧਿਤ ਸਿੱਖਾਂ ਨੂੰ ਗੁੰਮਰਾਹ ਜਾਂ ਭਟਕੇ ਹੋਇਆ ਨਾ ਆਖਿਆ ਜਾਵੇ- ਭਾਈ ਗਰੇਵਾਲ



ਜਗਰਾਉ, 21 ਫਰਵਰੀ (ਅ.ਬ. ) ਪੰਜਾਬ 'ਚ ਖਾੜਕੂਵਾਦ, ਸਿੱਖ ਕੌਮ ਦੇ ਸਵੈਮਾਨ ਦੀ ਰਾਖੀ ਅਤੇ ਸਿੱਖਾਂ ਨਾਲ ਦੇਸ਼ 'ਚ ਹੋ ਰਹੇ ਲਗਾਤਾਰ ਵਿਤਕਰੇ ਦੇ ਵਿਰੋਧ 'ਚ ਪੈਦਾ ਹੋਇਆ ਸੀ, ਇਸ ਲਈ ਇਸ ਲਹਿਰ ਨਾਲ ਜੁੜਨ ਵਾਲੇ ਸਿੱਖ ਨੌਜਵਾਨ, ਕੌਮੀ ਜਜ਼ਬੇ ਤੇ ਕੌਮ ਪ੍ਰਤੀ ਕੁਰਬਾਨੀ ਦੀ ਭਾਵਨਾ ਵਾਲੇ ਕੌਮ ਦੇ ਹੀਰੇ ਹਨ ਅਤੇ ਉਨ੍ਹਾਂ ਨੂੰ ਗੁੰਮਰਾਹ ਜਾਂ ਭਟਕੇ ਹੋਏ ਕਹਿਣਾ ਕਦਾਚਿਤ ਉਚਿਤ ਨਹੀ ਹੈ, ਇਹ ਪ੍ਰਤੀਕ੍ਰਿਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਗਰੇਵਾਲ) ਦੇ ਪ੍ਰਧਾਨ ਭਾਈ ਗੁਰਚਰਨ ਸਿੰਘ ☛(ਬਾਕੀ ਸਫਾ 2 'ਤੇ)

## ਰਾਜ ਬੱਬਰ 'ਤੇ ਅਪਰਾਧਿਕ ਦੋਸ਼ ਤੈਅ



ਨਵੀਂ ਦਿੱਲੀ, 21 ਫ਼ਰਵਰੀ (ਵਿਸ਼ਵ ਵਾਰਤਾ)–ਬਾਲੀਵੁੱਡ ਅਭਿਨੇਤਾ ਅਤੇ ਕਾਂਗਰਸ ਸਾਂਸਦ ਰਾਜ ਬੱਬਰ ਖ਼ਿਲਾਫ ਦਿੱਲੀ ਦੀ ਇੱਕ ਅਦਾਲਤ ਨੇ ਅਪਰਾਧਿਕ ਮੁਕੱਦਮਾ ਦਰਜ ਕੀਤਾ ਹੈ। ਰਾਜ ਬੱਬਰ 'ਤੇ ਸਮਾਜਵਾਦੀ ਪਾਰਟੀ ਵਿੱਚ ਰਹਿਣ ਦੌਰਾਨ ਸਾਲ 2000 ਵਿੱਚ ਪ੍ਰਧਾਨ ਮੰਤਰੀ ਰਿਹਾਇਸ਼ ਕੋਲ ਇੱਕ ਵਿਰੋਧ ਪ੍ਰਦਰਸ਼ਨ ਵਿੱਚ ਪੁਲਿਸ ਕਰਮਚਾਰੀ 'ਤੇ ਪਥਰਾਅ ਦਾ ਦੋਸ਼ ਹੈ। ਸਥਾਨਿਕ ਅਦਾਲਤ ਦੇ ਜਸਟਿਸ ਪ੍ਰੀਤਮ ਸਿੰਘ ਨੇ ਰਾਜ ਬੱਬਰ ਖ਼ਿਲਾਫ ਦੋਸ਼ ਤੈਅ ਕਰਦਿਆਂ ਕਿਹਾ ਕਿ 9 ਮਈ 2000 ਨੂੰ ਹੋਈ ਘਟਨਾ ਵਿੱਚ ਹੋਰ ਦੋਸ਼ੀਆਂ ਦੇ ਨਾਲ ਹੀ ਉਹਨਾਂ ਨੂੰ ਵੀ ਦੋਸ਼ੀ ਬਣਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਤਤਕਾਲੀਨ ਸਮਾਜਵਾਦੀ ਨੇਤਾ ਅਤੇ ਆਗਰਾ ਤੋਂ ਸਾਂਸਦ ਰਾਜ ਬੱਬਰ, ਸਪਾ ਤੋਂ ਬਰਖ਼ਾਸਤ ਸਾਬਕਾ ਜਨਰਲ ਸਕੱਤਰ ਅਮਰ ਸਿੰਘ ਅਤੇ ਸਾਂਸਦ ਸਰਵਰਾਜ ਸਿੰਘ ਸਹਿਤ ਸਪਾ ਦੇ 800 ਵਰਕਰਾਂ ਨੇ ਉਹਨਾਂ ਦੇ ਸੰਸਦੀ ਖੇਤਰ ਵਿੱਚ ਜਲ ਸੰਕਟ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਰਿਹਾਇਸ਼ ਦੇ ਬਾਹਰ ਵਿਰੋਧ ਪ੍ਰਦਰਸ਼ਨ ਕਰਨ ਦੀ ਕੋਸ਼ਿਸ਼ ਕੀਤੀ ਸੀ।



ਮਿੰਨੀ ਓਲੰਪਿਕ ਦੇ ਨਾਮ ਨਾਲ ਮਸ਼ਹੂਰ ਕਿਲ੍ਹਾਰਾਏਪੁਰ ਦੀਆਂ ਪੇਂਡੂ ਖੇਡਾਂ ਦੌਰਾਨ ਉੱਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਅੱਜ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਉਥੇ ਪਹੁੰਚੇ। ਇਸ ਦੌਰਾਨ ਉਹ ਘੋੜ ਸਵਾਰੀ ਦੇ ਦ੍ਰਿਸ਼ ਦਾ ਆਨੰਦ ਮਾਣਦੇ ਹੋਏ।

## ਪੁਰਤਗਾਲੀ ਦੀਪ 'ਚ ਤੂਫਾਨ, 32 ਮਰ

ਲਿਸਬਨ, 21 ਫ਼ਰਵਰੀ (ਵਿਸ਼ਵ ਵਾਰਤਾ)–ਪੁਰਤਗਾਲੀ ਅਟਲਾਂਟਿਕ ਮਡੇਰੀਆ ਦੀਪ 'ਤੇ ਜ਼ਬਰਦਸਤ ਬਾਰਿਸ਼ ਅਤੇ ਤੂਫਾਨ ਦੇ ਚਲਦੇ ਘੱਟੋ-ਘੱਟ 32 ਲੋਕਾਂ ਦੀ ਮੌਤ ਹੋ ਗਈ ਜਦਕਿ 68 ਹੋਰ ਜ਼ਖਮੀ ਹੋ ਗਏ ਹਨ। ਇਸ ਦੌਰਾਨ, ਲਿਸਬਨ ਨੇ ਯੂਰਪੀ ਮਦਦ ਮੰਗੀ ਹੈ। ਦੀਪ ਸਰਕਾਰ ਦੇ ਉਪ-ਰਾਸ਼ਟਰਪਤੀ ਜੋਓ ਕੁੰਹਾ ਏ ਸਿਲਵਾ ਨੇ ਇੱਕ ਨਿੱਜੀ ਟੀ.ਵੀ. ਚੈਨਲ ਨੂੰ ਕਿਹਾ ਕਿ 32 ਲੋਕਾਂ ਦੀ ਮੌਤ ਹੋ ਗਈ ਅਤੇ 68 ਹੋਰ ਜ਼ਖਮੀ ਹੋ ਗਏ ਹਨ। ਸਾਰੇ ਜ਼ਖਮੀਆਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਾਇਆ ਗਿਆ ਹੈ।

## ਪਟਿਆਲਾ 'ਚ ਬੰਬ ਦੇ ਨਾਲ 2 ਸ਼ੱਕੀ ਗ੍ਰਿਫ਼ਤਾਰ

ਪਟਿਆਲਾ, 21 ਫ਼ਰਵਰੀ (ਵਿਸ਼ਵ ਵਾਰਤਾ)–ਪੰਜਾਬ ਦੇ ਨਾਭਾ ਗੈਸ ਪਲਾਂਟ ਅਤੇ ਹਲਵਾਰਾ ਏਅਰਫੋਰਸ ਸਟੇਸ਼ਨ ਨੂੰ ਬੰਬ ਨਾਲ ਉਡਾਉਣ ਦੀ ਸਾਜਿਸ਼ ਰਚਣ ਵਾਲੇ ਅੱਤਵਾਦੀਆਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਇਹਨਾਂ ਦੋਵੇਂ ਅੱਤਵਾਦੀਆਂ ਦੇ ਸੰਬੰਧ ਖਾਲਿਸਤਾਨ ਲਿਬਰੇਸ਼ਨ ਨਾਲ ਦੱਸੇ ਜਾ ਰਹੇ ਹਨ। ਏਅਰ ਫੋਰਸ ਸਟੇਸ਼ਨ 'ਤੇ ਬੰਬ ਰੱਖਣ ਦੀ ਘਟਨਾ ਦੇ ਲਗਭਗ ਇੱਕ ਮਹੀਨੇ ਬਾਅਦ ਪੁਲਿਸ ਨੇ ਇੱਕ ਵੱਡੀ ਸਫ਼ਲਤਾ ਹਾਸਿਲ ਕਰਦਿਆਂ ਅੱਜ ਸਵੇਰੇ ਇਹਨਾਂ ਅੱਤਵਾਦੀਆਂ ਨੂੰ ਫੜਿਆ। ਪੁਲਿਸ ਅਨੁਸਾਰ ਏਅਰਫੋਰਸ ਸਟੇਸ਼ਨ 'ਤੇ ਬੰਬ ਰੱਖਣ ਦੀ ਸਾਜਿਸ਼ ਵਿੱਚ ਇਹਨਾਂ ਅੱਤਵਾਦੀਆਂ ਦਾ ਵੀ ਹੱਥ ਸੀ ਅਤੇ ਉਹਨਾਂ ਨੇ ਆਪਣਾ ਗੁਨਾਹ ਵੀ ਕਬੂਲ ਕਰ ਲਿਆ ਹੈ। ਸੂਤਰਾਂ ਮੁਤਾਬਿਕ ਇਹਨਾਂ ਅੱਤਵਾਦੀਆਂ ਨੇ ਨਾਮ ਜਸਵੰਤ ਸਿੰਘ ਅਤੇ ਹਰਚੰਦ ਸਿੰਘ ਹਨ। ਇਹ ਸੰਗਰੂਰ ਅਤੇ ਗੁਰਦਾਸਪੁਰ ਦੇ ਰਹਿਣ ਵਾਲੇ ਹਨ। ਇਹਨਾਂ ਅੱਤਵਾਦੀਆਂ ਕੋਲੋਂ ਪੁਲਿਸ ਨੂੰ ਭਾਰੀ ਮਾਤਰਾ ਵਿੱਚ ਵਿਸਫੋਟਕ ਵੀ ਮਿਲੇ ਹਨ। ਸੂਤਰਾਂ ਨੇ ਦੱਸਿਆ ਕਿ ਪੁਲਿਸ ਨੇ ਅੱਤਵਾਦੀਆਂ ਕੋਲੋਂ 8 ਕਿਲੋ ਵਿਸਫੋਟਕ, 10 ਜਿਲੇਟਿਨ ਛੜਾਂ, ਇੱਕ ਡੈਟੋਨੇਟਰ ਅਤੇ ਦੋ ਪਿਸਤੌਲਾਂ ਬਰਾਮਦ ਕੀਤੀਆਂ ਹਨ। ਮੰਨਿਆ ਜਾ ਰਿਹਾ ਹੈ ਕਿ ਪੰਜਾਬ ਦੇ ਪ੍ਰਮੁੱਖ ਸਥਾਨਾਂ ☛(ਬਾਕੀ ਸਫਾ 2 'ਤੇ)

## ਕੇਂਦਰ ਸਰਕਾਰ ਨਾਲ ਟਕਰਾਅ ਨਹੀਂ- ਮਮਤਾ

ਕਲਕੱਤਾ, 21 ਫ਼ਰਵਰੀ (ਵਿਸ਼ਵ ਵਾਰਤਾ)– ਕੇਂਦਰੀ ਰੇਲ ਮੰਤਰੀ ਮਮਤਾ ਬੈਨਰਜੀ ਨੇ ਯੂ.ਪੀ.ਏ. ਸਰਕਾਰ ਦੇ ਨਾਲ ਕਿਸੇ ਵੀ ਮਤਭੇਦ ਤੋਂ ਇਨਕਾਰ ਕੀਤਾ ਹੈ। ਉਹਨਾਂ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਉਹਨਾਂ ਦੀ ਪਾਰਟੀ ਤ੍ਰਿਣਮੂਲ ਕਾਂਗਰਸ ਪੰਜ ਸਾਲਾਂ ਤੱਕ ਸਰਕਾਰ ਵਿੱਚ ਸ਼ਾਮਿਲ ਰਹੇਗੀ। ਮਮਤਾ ਬੈਨਰਜੀ ਨੇ ਇੱਕ ਟੀ.ਵੀ. ਚੈਨਲ ਦੇ ਨਾਲ ਗੱਲਬਾਤ ਦੌਰਾਨ ਕਿਹਾ ਕਿ ਮੀਡੀਆ ਵਿੱਚ ਕੇਂਦਰ ਦੇ ਨਾਲ ਮੇਰੇ ਮਤਭੇਦ ਦੀਆਂ ਜੋ ਖ਼ਬਰਾਂ ਆ ਰਹੀਆਂ ਹਨ ਉਹਨਾਂ ਵਿੱਚ ਕੋਈ ਸੱਚਾਈ ਨਹੀਂ ਹੈ। ਉਹਨਾਂ ਦੋਸ਼ ਲਗਾਇਆ ਕਿ ਮਾਕਪਾ ਅਤੇ ਮੀਡੀਆ ਦੇ ਵਿਸ਼ੇਸ਼ ਵਰਗ ਵੱਲੋਂ ਇਸ ਤਰ੍ਹਾਂ ਦੀਆਂ ਖ਼ਬਰਾਂ ਫੈਲਾ ਕੇ ਫੁੱਟ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ ਅਸੀਂ ਉਹਨਾਂ ਦੇ ਯਤਨਾਂ ਨੂੰ ਸਫ਼ਲ ਨਹੀਂ ਹੋਣ ਦਿਆਂਗੇ।

## 20ਵਾਂ ਅੰਤਰਰਾਸ਼ਟਰੀ ਪੁਰੇਵਾਲ ਖੇਡ ਮੇਲਾ ਸ਼ਾਨੋ ਸ਼ੌਕਤ ਨਾਲ ਸ਼ੁਰੂ

### ਕੁਸ਼ਤੀ, ਕਬੱਡੀ, ਬੈਲ ਗੱਡੀਆਂ ਅਤੇ ਹੋਰ ਫਸਵੇਂ ਮੁਕਾਬਲੇ ਹੋਏ

ਵਿਸ਼ੇਸ਼ ਸਪਲੀਮੈਂਟ ਸਫ਼ਾ 8 'ਤੇ



ਹਕੀਮਪੁਰ, (ਬੰਗਾ , 21 ਫਰਵਰੀ (ਰਾਜ ਮਜਾਰੀ) ਅੰਤਰਰਾਸ਼ਟਰੀ ਸ. ਹਰਬੰਸ ਸਿੰਘ ਪੁਰੇਵਾਲ 20ਵਾਂ ਖੇਡ ਮੇਲਾ ਅੱਜ ਹਕੀਮਪੁਰ ਵਿਖੇ ਸ਼ਾਨੋ ਸ਼ੌਕਤ ਨਾਲ ਆਰੰਭ ਹੋਇਆ। ਇਸ ਖੇਡ ਮਲੇ ਦੇ ਰਸਮੀ ਉਦਘਾਟਨ ਸਮੇਂ ਸ੍ਰੀ ਰਾਕੇਸ਼ ਅਗਰਵਾਲ ਜ਼ਿਲ੍ਹਾ ਪੁਲਿਸ ਮੁੱਖੀ, ਚੌਧਰੀ ਮੋਹਣ ਲਾਲ ਵਿਧਾਇਕ ਹਲਕਾ ਬੰਗਾ, ਸ. ਸੁਰਿੰਦਰ ਸਿੰਘ ਸੋਢੀ, ਉਲੰਪੀਅਨ ਚੌਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ ਪਹੁੰਚੇ। ਜਿਨ੍ਹਾਂ ਨੇ ਵੱਖ ਵੱਖ ਖੇਡਾਂ ਦੀ ਸ਼ੁਰੂਆਤ ਕਰਵਾਈ। ਸ. ਗੁਰਦੇਵ ਸਿੰਘ ਜੌਹਲ ਨੇ ਸਵ. ☛(ਬਾਕੀ ਸਫਾ 2 'ਤੇ)

## ਕਾਲੀਆ ਵੱਲੋਂ ਜਲੰਧਰ 'ਚ ਸੰਗਤ ਦਰਸ਼ਨ, ਅਨੇਕਾਂ ਮਸਲੇ ਹੱਲ

ਜਲੰਧਰ, 21 ਫਰਵਰੀ (ਇਕਬਾਲ ਸਿੰਘ ਉੱਭੀ) ਅੱਜ ਗੁਰੂ ਨਾਨਕ ਪੁਰਾ ਚੋਗਿਟੀ ਜਲੰਧਰ ਵਾਰਡ



(ਫੋਟੋ : ਕੁਲਦੀਪ ਸਿੰਘ)

ਨੰਬਰ 15 ਵਿੱਚ ਸਥਾਨਕ ਸਰਕਾਰਾਂ ਅਤੇ ਕੈਬਨਿਟ ਮੰਤਰੀ ਸ੍ਰੀ ਮਨੋਰੰਜਨ ਕਾਲੀਆ ਦੀ ਹਾਜਰੀ ਵਿੱਚ ਕੌਂਸਲਰ ਮਨਜਿੰਦਰ ਸਿੰਘ ਚੱਠਾ ਦੇ ਹਲਕੇ ਵਿੱਚ ਸੰਗਤ ਦਰਸ਼ਨ ਲਗਾਇਆ ਗਿਆ ਜਿਸ ਵਿੱਚ ਲੋਕਾਂ ਦੀ ਮੁਸ਼ਕਲਾਂ ਸੁਣੀਆਂ ਗਈਆਂ ਤੇ ਮੌਕੇ ਤੇ ਉਨ੍ਹਾਂ ਨੂੰ ਹੱਲ ਵੀ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਜਲੰਧਰ ਅਜੀਤ ਸਿੰਘ ਪੰਨੂੰ, ਕਮਿਸ਼ਨਰ ਕਾਰਪੋਰੇਸ਼ਨ ਸ੍ਰੀ ਬਿਨੈ ਬੁਬਲਾਨੀ, ਜੁਆਇੰਟ ਕਮਿਸ਼ਨਰ ਨਗਰ ਨਿਗਮ ☛(ਬਾਕੀ ਸਫਾ 2 'ਤੇ)

## ਪੱਛਮੀ ਦੇਸ਼ਾਂ ਦੇ ਵੀਜ਼ਾ ਵਾਲੇ ਭਾਰਤੀਆਂ ਨੂੰ ਤਾਇਵਾਨ ਦੇਵੇਗਾ ਛੋਟ

ਨਵੀਂ ਦਿੱਲੀ, 21 ਫ਼ਰਵਰੀ (ਵਿਸ਼ਵ ਵਾਰਤਾ)–ਤਾਇਵਾਨ ਵਿੱਚ ਜ਼ਿਆਦਾ ਤੋਂ ਜ਼ਿਆਦਾ ਸੈਲਾਨੀਆਂ ਨੂੰ ਆਕ੍ਰਸ਼ਿਤ ਕਰਨ ਲਈ ਤਾਇਵਾਨੀ ਸਰਕਾਰ ਨੇ ਹੁਣ ਉਹਨਾਂ ਭਾਰਤੀਆਂ ਨੂੰ ਬਿਨਾਂ ਵੀਜ਼ਾ ਦੇਸ਼ ਵਿੱਚ ਪ੍ਰਵੇਸ਼ ਦੀ ਛੋਟ ਦੇਣ ਦਾ ਫੈਸਲਾ ਲਿਆ ਹੈ ਜਿਹਨਾਂ ਕੋਲ ਅਮਰੀਕਾ ਅਤੇ ਬ੍ਰਿਟੇਨ ਵਰਗੇ ਪੱਛਮੀ ਦੇਸ਼ਾਂ ਦਾ ਵੀਜ਼ਾ ਹੈ। ਇਸ ਤੋਂ ਇਲਾਵਾ ਤਾਇਵਾਨੀ ਸਰਕਾਰ ਨੇ ਕੈਨੇਡਾ, ਜਾਪਾਨ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਦੇ ਵੀਜ਼ਾ ਧਾਰਕ ਭਾਰਤੀਆਂ ਨੂੰ 30 ਦਿਨ ਤੱਕ ਉਥੇ ਰਹਿਣ ਦੀ ਛੋਟ ਦੇਣ ਦਾ ਫੈਸਲਾ ਕੀਤਾ ਹੈ। ਭਾਰਤ ਵਿੱਚ ਤਾਇਵਾਨ ਦੇ ਰਾਜਦੂਤ ਵੇਂਚੀ ਓਂਗ ਨੇ ਕਿਹਾ- ਹਾਲਾਂਕਿ ਅਜਿਹੇ ਸੈਲਾਨੀਆਂ ਨੂੰ ਆਨਲਾਈਨ ਰਜਿਸਟਰੇਸ਼ਨ ਪ੍ਰਣਾਲੀ ਨਾਲ ਵੀਜ਼ਾ ਤੋਂ ਛੋਟ ਲਈ ਆਗਿਆ ਲੈਣੀ ਹੋਵੇਗੀ।

## ਸੰਤ ਹਰਪਾਲ ਸਿੰਘ ਜੀ ਸੇਵਾ ਪੰਥੀ ਨੂੰ ਵੱਖ-ਵੱਖ ਪੰਥਕ ਸਖਸ਼ੀਅਤਾਂ ਵੱਲੋਂ ਸ਼ਰਧਾਂਜਲੀਆਂ

### ਮਹੰਤ ਭਾਈ ਕਾਹਨ ਸਿੰਘ ਜੀ ਵੱਲੋਂ ਵਿਛੜੀ ਆਤਮਾ ਦੀ ਯਾਦ ਵਿੱਚ ਖੂਬਸੂਰਤ ਕਮਰਾ ਬਣਾਉਣ ਦਾ ਐਲਾਨ

ਗੋਨਿਆਣਾ ਮੰਡੀ, 21 ਫਰਵਰੀ (ਸਤਪਾਲ ਬਾਂਸਲ/ਮਲਕੀਤ ਸਿੰਘ ਬਰਾੜ/ਕਰਨੈਲ ਸਿੰਘ ਐਮ.ਏ.)–ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਦੇ ਸ੍ਰੀਮਾਨ ਸੰਤ ਹਰਪਾਲ ਸਿੰਘ ਜੀ 'ਸੇਵਾ ਪੰਥੀ' ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦੇ ਨਮਿੱਤ ਆਯੋਜਿਤ ਸ਼ਰਧਾਂਜਲੀ ਸਮਾਰੋਹ ਵਿੱਚ ਉੱਘੀਆਂ ਪੰਥਕ ਸਖਸ਼ੀਅਤਾਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਦੇ ਮਹੰਤ ਭਾਈ ਗੁਲਾਬ ਸਿੰਘ ਦੀਵਾਨ ਹਾਲ ਵਿਖੇ ਆਯੋਜਿਤ ਇਸ ਸ਼ਰਧਾਂਜਲੀ ਸਮਾਰੋਹ ਵਿੱਚ ਮਹੰਤ ਕਾਹਨ ਸਿੰਘ ਜੀ 'ਸੇਵਾ ਪੰਥੀ' , ਸੰਤ ਗਜਬ ਸਿੰਘ ਸੇਵਾ ਪੰਥੀ, ਮਹੰਤ ਸੁਰਿੰਦਰ ਸਿੰਘ ਸੇਵਾ ਪੰਥੀ, ਮਹੰਤ ਹਰਨਾਮ ਸਿੰਘ ਸੇਵਾ ਪੰਥੀ, ☛(ਬਾਕੀ ਸਫਾ 2 'ਤੇ)




(ਫੋਟੋ : ਵਨੀਤ ਬਾਂਸਲ)

## ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਤਾਬਦੀ ਸਮਾਗਮ ਖਾਲਸਾਈ ਜਾਹੋ-ਜਲਾਲ ਨਾਲ ਮਨਾਏ ਜਾਣਗੇ : ਜਥੇ. ਅਵਤਾਰ ਸਿੰਘ

ਨਵੀਂ ਦਿੱਲੀ 21 ਫਰਵਰੀ – (ਅ.ਬ.)–ਸਿੱਖ ਪੰਥ ਦੇ ਮਹਾਨ ਜਰਨੈਲ, ਰਣਬੀਰ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹਿੰਦ ਫਤਿਹ ਜਿਥੇ ਸਿੱਖ ਇਤਿਹਾਸ ਵਿਚ ਵਿਸ਼ੇਸ਼ ਥਾਂ ਰਖਦੀ ਹੈ, ਉਥੇ 'ਘੱਟ ਗਿਣਤੀ' ਹੋਣ ਦੇ ਬਾਵਜੂਦ ਵੱਡ-ਗਿਣਤੀ ਜਾਲਮ ਦੇ ਖਿਲਾਫ ਡੱਟ ਕੇ ਖੜਨ ਦਾ ਅਤੇ ਹਾਰ ਨਾ ਮਨਣ ਦਾ ਪ੍ਰਣ ਕਰਵਾਉਂਦੀ ਹੈ। ਬੰਦਾ ਬਹਾਦਰ ਦੀ ਸਰਹਿੰਦ ਫ਼ਤਿਹ ਸਿੱਖ ਇਤਿਹਾਸ ਵਿਚ ਤਾ ਵਿਸ਼ੇਸ਼ ਥਾਂ ਰੱਖਦੀ ਹੀ ਹੈ ਉਸ ਦੇ ਨਾਲ ਭਾਰਤ ਦਾ ਇਤਿਹਾਸ ਵੀ ਇਸ ਮਹਾਨ ਯੋਧੇ ਦੇ ਜਿਕਰ ਤੋਂ ਸੱਖਣਾ ਨਹੀ ਹੈ। ਸ਼੍ਰੋਮਣੀ ਗੁ: ਪ੍ਰ: ਕਮੇਟੀ ਅਤੇ ਪੰਜਾਬ ਸਰਕਾਰ ਵਲੋਂ ਸਰਹਿੰਦ ਫ਼ਤਿਹ ਦੇ 300 ਸਾਲਾਂ ਸ਼ਾਤਾਬਦੀ ਸਮਾਗਮ ਵਿਸ਼ਵ ਪੱਧਰ ਤੇ ਮਨਾਉਣ ਦੀਆਂ ਤਿਆਰੀਆਂ ਜੋਰਾਂ ਨਾਲ ਚੱਲ ਰਹੀਆਂ ਹਨ। ਇਸੇ ਸਿੱਲ-ਸਿੱਲੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਖ਼ਾਲਸਾ ਪੰਥ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ਸਰਹਿੰਦ ਫਤਿਹ ਦੇ 300 ਸਾਲਾਂ ਸ਼ਤਾਬਦੀ ਸਮਾਗਮ ਸਿੱਖ ਪੰਥ ਵਲੋਂ ਖਾਲਸਾਈ ਜਾਹੋ-ਜਲਾਲ ਨਾਲ ਮਨਾਏ ਜਾਣਗੇ। ਉਨ੍ਹਾਂ ਕਿਹਾ ਕਿ ਇਸ ਮਹਾਨ ਜਰਨੈਲ ਜਿਸ ਨੇ ਪਹਿਲਾ ਸਿੱਖ ਰਾਜ ਸਥਾਪਤ ਕਰਕੇ ਲੋਹਗੜ੍ਹ ਨੂੰ ਖਾਲਸਾ ਰਾਜ ਦੀ ਪਹਿਲੀ ਰਾਜਧਾਨੀ ਬਣਾਇਆਂ ਅਤੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਮੋਹਰਾਂ ਵਾਲੇ ਸਿੱਕੇ ਚਲਾਏ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਕਮੇਟੀ ਵਲੋਂ ਸ਼ਤਾਬਦੀ ਸਮਾਗਮ ਮਨਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂ ਰਹੇ ਹਨ। ਉਨ੍ਹਾਂ ਦਸਿਆ ਕਿ ☛(ਬਾਕੀ ਸਫਾ 2 'ਤੇ)

## ਕਬੱਡੀ ਦਾ ਮਹਾਂਕੁੰਭ ਤੇ ਬੱਬੂ ਮਾਨ ਦੇ ਅਖਾੜੇ ਦੀਆਂ ਤਿਆਰੀਆਂ ਮੁਕੰਮਲ-ਨਿੱਝਰ, ਦਿੱਲੀ

ਜਲੰਧਰ, ਕਪੂਰਥਲਾ, 20 ਫ਼ਰਵਰੀ (ਮਲਕੀਤ ਸਿੰਘ ਬਰਾੜ/ਦਰਸ਼ਨ ਵਧਵਾ) ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਕਪੂਰਥਲਾ ਰਜਿ. ਵੱਲੋਂ ਛੇਵਾਂ ਕਬੱਡੀ ਗੋਲਡ ਕੱਪ ਗੁਰੂ ਨਾਨਕ ਸਟੇਡੀਅਮ ਕਪੂਰਥਲਾ ਵਿਖੇ 23 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ। ਇਸ ਕਬੱਡੀ ਮਹਾਂਕੁੰਭ ਨੂੰ ਹੋਰ ਯਾਦਗਾਰੀ ਬਣਾਉਣ ਲਈ ਵੱਖ-ਵੱਖ ਕਲੱਬਾਂ ਦੇ ਨਾਲ ਨਾਲ ਸਿੰਘ ਸਭਾ ਸਲੋਹ ਕਲੱਬੀ ਕਲੱਬ ਦੇ ਚੇਅਰਮੈਨ ਸੀਰਾਂ ਸੰਮੀਪੁਰ ਨੇ ਪੂਰਾ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਪ੍ਰਧਾਨ ਨਿੱਝਰ ਨੇ ਦੱਸਿਆ ਕਿ ਇਸ ਮਹਾਂਕੁੰਭ 'ਤੇ ਬੱਬੂ ਮਾਨ ਦਾ ਖੁੱਲ੍ਹਾ ਅਖਾੜਾ ਨੂੰ ਯਾਦਗਾਰੀ ਬਣਾਉਣ ਲਈ ਵਿਦੇਸ਼ਾਂ ਤੋਂ ਖੇਡ ਪ੍ਰੇਮੀ ਖਿਡਾਰੀਆਂ ਦੀਆਂ ਟੀਮਾਂ ਪੁੱਜਣੀਆਂ ਚਾਲੂ ਹੋ ਗਈਆਂ ਹਨ। ਬਲਜੀਤ ਸਿੰਘ ☛(ਬਾਕੀ ਸਫਾ 2 'ਤੇ)



**ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ (ਰਜਿ.)ਕਪੂਰਥਲਾ**

| | |
|---|---|
| ਤਜਿੰਦਰ ਸਿੰਘ ਨਿੱਝਰ (ਪ੍ਰਧਾਨ) (99153-13713) | ਰੂਬੀ ਟਿੱਬਾ (98724-56340) |
| ਬੰਕਾ ਮਨਸੂਰਵਾਲ (99155-93510) | ਗੁਰਮੀਤ ਦਿੱਲੀ (99886-66544) |
| ਮੰਗੀ ਸੁਰਖਪੁਰ (98889-99822) | ਬਲਜੀਤ ਵਿਰਕ (98550-00089) |
| ਪਵਿੱਤਰ ਵਡਾਲਾ (98145-35594) | ਜੱਸਾ ਭੰਡਾਲ |